**ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਛੇਵੀਂ ਮੰਜਿਲ, ਬਲਾਕ-ਡੀ, ਐਸ.ਏ.ਐਸ. ਨਗਰ**

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਸਿੱ), ਪੰਜਾਬ।
2. ਸਮੂਹ ਬੀਪੀਈਓਜ।

ਮੀਮੋ ਨੰ:ਃ 333159

ਮਿਤੀਃਐਸ.ਏ.ਐਸ ਨਗਰਃ 20-12-2022

ਵਿਸ਼ਾਃ ਅਧਿਆਪਕਾਂ ਦੀਆਂ ਬਦਲੀਆਂ ਲਾਗੂ ਨਾ ਹੋਣ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਸਾਲ 2019, 2021 ਅਤੇ ਸਾਲ 2022 ਦੌਰਾਨ ਆਨਲਾਈਨ ਟੀਚਰ ਟਰਾਂਸਫਰ ਪਾਲਿਸੀ 2019 ਰਾਹੀਂ ਵੱਖ-2 ਗੇੜਾ ਵਿੱਚ ਆਨਲਾਈਨ ਵਿਧੀ ਰਾਹੀਂ ਬਦਲੀਆਂ ਕੀਤੀਆਂ ਗਈਆਂ ਸਨ।

2.0 ਇਨ੍ਹਾਂ ਬਦਲੀਆਂ ਦੌਰਾਨ ਕੁਝ ਕੁ ਅਧਿਆਪਕਾਂ ਦੀਆਂ ਬਦਲੀਆਂ ਵਿਭਾਗੀ ਸ਼ਰਤਾਂ ਕਾਰਨ ਜਾਂ ਕਿਸੇ ਹੋਰ ਕਾਰਨ ਲਾਗੂ ਨਹੀਂ ਹੋ ਸਕੀਆਂ ਅਤੇ ਅਧਿਆਪਕ ਜਿਨ੍ਹਾਂ ਦੀ ਬਦਲੀ ਹੋਈ ਸੀ ਉਹ ਬਦਲੀ ਵਾਲੇ ਸਟੇਸ਼ਨ ਭਾਵ ਜਿੱਥੇ ਬਦਲੀ ਹੋਈ ਸੀ, ਲਈ ਫਾਰਗ ਨਹੀਂ ਹੋ ਸਕੇ।

3.0 ਅਜਿਹੇ ਅਧਿਆਪਕ ਜਿਨ੍ਹਾਂ ਦੀ ਬਦਲੀ ਕਿਸੇ ਕਾਰਨ ਲਾਗੂ ਨਹੀਂ ਹੋ ਸਕੀ ਅਤੇ ਅਧਿਆਪਕ ਬਦਲੀ ਵਾਲੇ ਸਟੇਸ਼ਨ ਲਈ ਫਾਰਗ ਨਹੀਂ ਹੋ ਸਕੇ ਦਾ ਡਾਟਾ ਇੱਕਤਰ ਕਰਨ ਸਬੰਧੀ ਸਕੂਲ ਦੀ ਆਈ.ਡੀ ਤੇ ਇੱਕ ਲਿੰਕ Create ਕੀਤਾ ਗਿਆ ਹੈ। ਇਸ ਮੰਤਵ ਲਈ ਬੀਪੀਈਓ/ਡੀਡੀਓ ਈ ਪੰਜਾਬ ਪੋਰਟਲ ਤੇ ਲਾਗ ਇੰਨ ਕਰਕੇ Staff Menu ਵਿੱਚ ਦਿੱਤੇ ਲਿੰਕ Transfer Order ਤੇ ਕਲਿੱਕ ਕਰਨ ਉਪਰੰਤ ਅਧਿਆਪਕ ਦੀ ਬਦਲੀ ਸਬੰਧੀ ਦੱਸਣਗੇ ਕਿ ਉਨ੍ਹਾਂ ਦੀ ਬਦਲੀ Implemented ਹੈ ਜਾਂ Not Implemented ਹੈ ਤਾਂ ਬੀਪੀਈਓ/ਡੀਡੀਓ ਵੱਲੋਂ ਇਸ ਸਬੰਧੀ Remarks ਦੇਣ ਉਪਰੰਤ ਸਕੂਲ ਬੀਪੀਈਓ/ਡੀਡੀਓ Approve ਦਾ ਬਟਨ ਦਬਾਉਣਗੇ।

20/12/22

ਡਾਇਰੈਕਟਰ ਸਿੱਖਿਆ ਵਿਭਾਗ (ਐਸਿੱ), ਪੰਜਾਬ